# ਅੰਤਿਕਾ 3

## ਨਵੇਂ ਨੇਮ ਵਿਚ ਸ਼ਬਦ ''ਕਲੀਸੀਆ'' ਅਤੇ ''ਕਲੀਸੀਆਵਾਂ''

ਨਵੇਂ ਨੇਮ ਦੀ ਕਲੀਸੀਆ ਨੂੰ ਚੰਗੀ ਤਰ੍ਹਾਂ ਸਮਝਣ ਲਈ, ਉਨ੍ਹਾਂ ਵੱਖ ਵੱਖ ਸੰਦਰਭਾਂ ਦਾ ਅਧਿਐਨ ਕਰੋ ਜਿਨ੍ਹਾਂ ਵਿਚ ''ਕਲੀਸੀਆ'' ਅਤੇ ''ਕਲੀਸੀਆਵਾਂ'' ਸ਼ਬਦਾਂ ਦੀ ਵਰਤੋਂ ਹੋਈ ਹੈ। ਪਹਿਲਾਂ, ''ਕਲੀਸੀਆ'' ਸ਼ਬਦ ਦੀ ਵਰਤੋਂ ਸਮਾਜ ਦੀ ਸਭਾ ਲਈ ਕੀਤੀ ਗਈ ਜੋ ਕਿਸੇ ਖ਼ਾਸ ਮਕਸਦ ਲਈ ਜਾਂ ਐਵੇਂ ਹੀ ਇਕੱਠੀ ਹੋਈ ਹੋਵੇ (ਵੇਖੋ ਰਸੂਲਾਂ ਦੇ ਕੰਮ 19:32, 39, 41)। ਫਿਰ, ਇਹਦੀ ਵਰਤੋਂ ਵਿਸ਼ਵਵਿਆਪੀ ਅਰਥ ਵਿਚ ਪ੍ਰਮੇਸ਼ਵਰ ਦੇ ਸਭ ਲੋਕਾਂ ਲਈ ਕੀਤੀ ਗਈ (ਵੇਖੋ ਮੱਤੀ 16:18)। ਤੀਜਾ, ਇਹਦੀ ਵਰਤੋਂ ਬਚਾਏ ਹੋਏ ਲੋਕਾਂ ਵਿਚ ਖ਼ਾਸ ਨਸਲੀ ਪਿਛੋਕੜ ਲਈ ਕੀਤੀ ਗਈ (ਵੇਖੋ ਰੋਮੀਆਂ 16:4)। ਚੌਥਾ, ਇਹਦੀ ਵਰਤੋਂ ਕਿਸੇ ਖ਼ਾਸ ਇਲਾਕੇ ਦੀਆਂ ਕਲੀਸੀਆਵਾਂ ਲਈ ਕੀਤੀ ਗਈ (ਵੇਖੋ ਗਲਾਤੀਆਂ 1:2 ਅਤੇ ਰਸੂਲਾਂ ਦੇ ਕੰਮ 9:31)। ਪੰਜਵਾਂ, ਇਸ ਸ਼ਬਦ ਦੀ ਵਰਤੋਂ ਬੰਦਗੀ ਲਈ ਇਕੱਠੇ ਹੋਏ ਮਸੀਹੀ ਲੋਕਾਂ ਦੀ ਸਭਾ ਲਈ ਕੀਤੀ ਗਈ (ਵੇਖੋ 1 ਕੁਰਿੰਥੀਆਂ 1:2 ਅਤੇ ਕੁਲੁੱਸੀਆਂ 4:16)। ਛੇਵਾਂ ਇਹਦੀ ਛੇਵੀਂ ਵਰਤੋਂ ਬੰਦਗੀ ਅਤੇ ਬਾਈਬਲ ਅਧਿਐਨ ਲਈ ਇਕੱਠੇ ਹੋਏ ਮਸੀਹੀ ਲੋਕਾਂ ਦੀ ਸਭਾ ਲਈ ਕੀਤੀ ਗਈ (ਵੇਖੋ 1 ਕੁਰਿੰਥੀਆਂ 11:18)।

ਧਿਆਨ ਨਾਲ ਅਧਿਐਨ ਕਰੋ ਕਿ ਪਵਿੱਤਰ ਆਤਮਾ ਨੇ ਨਵੇਂ ਨੇਮ ਵਿਚ ''ਕਲੀਸੀਆ'' ਅਤੇ ''ਕਲੀਸੀਆਵਾਂ'' ਸ਼ਬਦ ਦੀ ਵਰਤੋਂ ਕਿਵੇਂ ਕੀਤੀ ਹੈ। ਬ੍ਰੈਕਟਾਂ ਵਿਚ ਦਿੱਤੀ ਗਈ ਗਿਣਤੀ ਤੋਂ ਪਤਾ ਲਗਦਾ ਹੈ ਕਿ ਇਹ ਸ਼ਬਦ ਜਾਂ ਇਹਦਾ ਪ੍ਰਤੀਕ ਕਿੰਨੀ ਵਾਰ ਆਇਆ ਹੈ।

**''ਕਲੀਸੀਆ''** (81)

**ਮੱਤੀ** (3)-16:18; 18:17 (ਦੋ ਵਾਰ)।

**ਰਸੂਲਾਂ ਦੇ ਕੰਮ** (22)-2:47 (ਕਿੰਗ ਜੇਮਸ [ਅੰਗ੍ਰੇਜ਼ੀ] ਦੇ ਅਨੁਵਾਦ ਵਿਚ ''ਕਲੀਸੀਆ'' ਹੈ। ਪੁਰਾਤਨ ਲਿਖਤਾਂ ਵਿਚ 2:47 ਵਿਚ ਇਹ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੈ); 5:11; 7:38; 8:1; 8:3; 9:31; 11:22; 11:26; 12:1; 12:5; 13:1; 14:23; 14:27; 15:3; 15:4; 15:22; 18:22; 19:32 (''ਜਮਾਤ'' ਸ਼ਬਦ ਨੂੰ ਇੱਕਲੇਸੀਆ [''ਕਲੀਸੀਆ''] ਤੋਂ ਲਿਆ ਗਿਆ); 19:39 (''ਕਨੂੰਨੀ ਮਜਲਸ'' ਸ਼ਬਦ ਨੂੰ ਇੱਕਲੇਸੀਆ [''ਕਲੀਸੀਆ''] ਤੋਂ ਲਿਆ ਗਿਆ); 19:40, 41 (''ਜਮਾਤ'' ਸ਼ਬਦ ਨੂੰ ਇੱਕਲੇਸੀਆ [''ਕਲੀਸੀਆ''] ਤੋਂ ਲਿਆ ਗਿਆ); 20:17; 20:28.

**ਰੋਮੀਆਂ (3)**-16:1; 16:5; 16:23.

**1 ਕੁਰਿੰਥੀਆਂ (18)**-1:2; 4:17; 6:4; 10:32; 11:18; 11:22; 12:28; 14:4; 14:5; 14:12; 14:19; 14:23; 14:28; 14:35 (''ਮੰਡਲੀ'' ਸ਼ਬਦ ਨੂੰ ਇੱਕਲੇਸੀਆ [''ਕਲੀਸੀਆ''] ਤੋਂ ਲਿਆ ਗਿਆ); 15:9; 16:19.

**2 ਕੁਰਿੰਥੀਆਂ (1)**-1:1.

**ਗਲਾਤੀਆਂ (1)**-1:13.

**ਅਫ਼ਸੀਆਂ (9)**-1:22; 3:10; 3:21; 5:23; 5:24; 5:25; 5:27; 5:29; 5:32.

**ਫ਼ਿਲਿੱਪੀਆਂ (3)**-1:1; 3:6; 4:15.

**ਕੁਲੁੱਸੀਆਂ (4)**-1:18; 1:24, 25; 4:15.

**1 ਥੱਸਲੁਨੀਕੀਆਂ (1)**-1:1.

**2 ਥੱਸਲੁਨੀਕੀਆਂ (1)**-1:1.

**1 ਤਿਮੋਥਿਉਸ (3)**-3:5; 3:15; 5:16.

**ਫ਼ਿਲੇਮੋਨ (1)**-2.

**ਇਬਰਾਨੀਆਂ (2)**-2:12; 12:23.

**ਯਾਕੂਬ (1)**-5:14.

**3 ਯੂਹੰਨਾ (3)**-6; 9; 10.

**ਪ੍ਰਕਾਸ਼ ਦੀ ਪੋਥੀ (7)**-2:1; 2:8; 2:12; 2:18; 3:1; 3:7; 3:14.

### ''ਕਲੀਸੀਆ/ਵਾਂ'' (35)

**ਰਸੂਲਾਂ ਦੇ ਕੰਮ (2)**-15:41; 16:5.

**ਰੋਮੀਆਂ (2)**-16:4; 16:16.

**1 ਕੁਰਿੰਥੀਆਂ (6)**-7:17; 11:16; 14:33; 14:34 (''ਮੰਡਲੀਆਂ''); 16:1; 16:19.

**2 ਕੁਰਿੰਥੀਆਂ (8)**-8:1; 8:18, 19; 8:23; 8:24; 11:8; 11:28; 12:13.

**ਗਲਾਤੀਆਂ (2)**-1:2; 1:22.

**1 ਥੱਸਲੁਨੀਕੀਆਂ (1)**-2:14.

**2 ਥੱਸਲੁਨੀਕੀਆਂ (1)**-1:4.

**ਪ੍ਰਕਾਸ਼ ਦੀ ਪੋਥੀ (13)**-1:4; 1:11; 1:20 (ਦੋ ਵਾਰ); 2:7, 11, 17, 29; 3:6, 13, 22; 22:23; 22:16.